# ਹਫ਼ਤਾਵਾਰ ਦਾਅਵਿਆਂ ਦੀ ਸਮੀਖਿਆ ਕੀਤੀ

| **ਇਹ ਕੀ ਆਖਦਾ ਹੈ** | **ਇਸਦਾ ਕੀ ਮਤਲਬ ਹੈ** |
|---|---|
| ਕੀ ਤੁਸੀਂ ਇਸ ਹਫ਼ਤੇ ਲਈ ਭੁਗਤਾਨਯੋਗ ਛੁੱਟੀ ਦਾ ਲਾਭ ਪ੍ਰਾਪਤ ਕਰਨਾ ਚਾਹੁੰਦੇ ਹੋ? | ਤੁਸੀਂ ਲੋੜ ਮੁਤਾਬਕ ਭੁਗਤਾਨਯੋਗ ਛੁੱਟੀ ਲੈ ਸਕਦੇ ਹੋ: ਪੂਰੇ ਹਫ਼ਤੇ, ਹਫ਼ਤੇ ਵਿੱਚ ਅੰਸ਼ਕ ਤੌਰ 'ਤੇ, ਜਾਂ ਤੁਸੀਂ ਕੁਝ ਹਫ਼ਤੇ ਛੱਡ ਵੀ ਸਕਦੇ ਹੋ।<br>• ਇਸ ਹਫ਼ਤੇ ਲਈ ਲਾਭ ਲੈਣ ਵਾਸਤੇ ਜਾਂ ਜੇ ਇਹ ਤੁਹਾਡਾ ਪਹਿਲਾ ਹਫ਼ਤਾਵਾਰੀ ਕਲੇਮ ਹੈ ਅਤੇ ਤੁਹਾਡੀ ਛੁੱਟੀ ਲਈ ਇੱਕ ਹਫ਼ਤਾ ਉਡੀਕ ਲਾਜ਼ਮੀ ਹੈ, ਤਾਂ **ਹਾਂ** ਚੁਣੋ।<br>• ਜੇ ਤੁਸੀਂ ਲਾਭ ਨਹੀਂ ਲੈਣਾ ਚਾਹੁੰਦੇ ਤਾਂ **ਨਹੀ** ਚੁਣੋ। ਤੁਹਾਨੂੰ ਇਸ ਹਫ਼ਤੇ ਲਈ ਭੁਗਤਾਨ ਪ੍ਰਾਪਤ ਨਹੀਂ ਹੋਵੇਗਾ। |
| ਕੀ ਤੁਸੀਂ ਬੇਰੁਜ਼ਗਾਰੀ ਭੱਤਾ ਲਿਆ ਹੈ ਜਾਂ ਲੈਣ ਜਾ ਰਹੇ ਹੋ? | ਬੇਰੁਜ਼ਗਾਰੀ ਭੱਤਾ ਉਹਨਾਂ ਲਈ ਹੁੰਦਾ ਹੈ ਜੋ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿੱਚ ਬੇਰੁਜ਼ਗਾਰ ਹਨ। ਇਹ ਭੁਗਤਾਨਯੋਗ ਛੁੱਟੀ ਤੋਂ ਅਲੱਗ ਇੱਕ ਪ੍ਰੋਗਰਾਮ ਹੈ।<br>ਜੇ ਤੁਸੀਂ ਇਸ ਹਫ਼ਤੇ ਲਈ ਬੇਰੁਜ਼ਗਾਰੀ ਭੱਤਾ ਲਿਆ ਹੈ ਜਾਂ ਲੈਣ ਵਾਲੇ ਹੋ, ਤਾਂ **ਹਾਂ** ਚੁਣੋ।<br>• ਇੱਕੋ ਹਫ਼ਤੇ ਲਈ ਬੇਰੁਜ਼ਗਾਰੀ ਅਤੇ ਭੁਗਤਾਨਯੋਗ ਛੁੱਟੀ, ਦੋਹਾਂ ਤੋਂ ਲਾਭ ਲੈਣਾ ਗੈਰ-ਕਨੂੰਨੀ ਹੈ।<br>• ਕਿਸ ਪ੍ਰੋਗਰਾਮ ਦੀ ਵਰਤੋਂ ਕਰਨੀ ਹੈ, ਇਸਦੀ ਚੋਣ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। |
| ਕੀ ਤੁਸੀਂ ਕੰਮ ਦੌਰਾਨ ਲੱਗੀ ਸੱਟ ਲਈ ਕਾਮਿਆ ਦਾ ਮੁਆਵਜ਼ਾ (ਵਰਕਰਜ਼ ਕੰਪਨਸੇਸ਼ਨ) ਲਿਆ ਹੈ ਜਾਂ ਲੈਣ ਵਾਲੇ ਹੋ? | ਕਾਮਿਆਾਂਦਾ ਮੁਆਵਜ਼ਾ ਉਹਨਾਂ ਸੱਟਾਂ ਲਈ ਹੁੰਦਾ ਹੈ ਜੋ ਕੰਮ ਦੌਰਾਨ ਲੱਗਦੀਆਂਹਨ, ਜਿਨ੍ਹਾਂ ਕਰਕੇ ਤੁਸੀਂ ਕੰਮ ਨਹੀਂ ਕਰ ਸਕਦੇ। ਇਹ ਮੁਆਵਜ਼ਾ ਲੇਬਰ ਐਂਡ ਇੰਡਸਟਰੀਜ਼ ਜਾਂ ਤੁਹਾਡੇ ਮਾਲਕ ਦੇ ਨਿੱਜੀ ਬੀਮਾਕਰਤਾ ਵੱਲੋਂ ਭੁਗਤਾਇਆ ਜਾਂਦਾ ਹੈ।<br>ਜੇ ਤੁਸੀਂ ਇਸ ਹਫ਼ਤੇ ਲਈ ਕਾਮਿਆਾਂਦਾ ਮੁਆਵਜ਼ਾ ਪ੍ਰਾਪਤ ਕੀਤਾ ਹੈ ਜਾਂ ਪ੍ਰਾਪਤ ਕਰਨ ਵਾਲੇ ਹੋ, ਤਾਂ **ਹਾਂ** ਚੁਣੋ।<br>• ਇੱਕੋ ਹਫ਼ਤੇ ਲਈ ਕਾਮਿਆਾਂਦਾ ਮੁਆਵਜ਼ਾ ਅਤੇ ਭੁਗਤਾਨਯੋਗ ਛੁੱਟੀ, ਦੋਹਾਂ ਤੋਂ ਲਾਭ ਲੈਣਾ ਗੈਰ-ਕਨੂੰਨੀ ਹੈ।<br>• ਕਿਸ ਪ੍ਰੋਗਰਾਮ ਦੀ ਵਰਤੋਂ ਕਰਨੀ ਹੈ, ਇਸਦੀ ਚੋਣ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ।<br>ਛੋਟੀ ਮਿਆਦ ਦੀ ਅਪੰਗਤਾ ਕਾਮਿਆਾਂਦੇ ਮੁਆਵਜੇ (ਵਰਕਰਜ਼ ਕੰਪਨਸੇਸ਼ਨ) ਤੋਂ ਵੱਖਰੀ ਹੁੰਦੀ ਹੈ। ਛੋਟੀ ਮਿਆਦ ਦੀ ਅਪੰਗਤਾ ਵਾਲੀ ਆਪਣੀ ਯੋਜਨਾ ਵਿੱਚ ਜਾਂਚ ਕਰੋ ਅਤੇ ਦੇਖੋ ਕਿ ਭੁਗਤਾਨਯੋਗ ਛੁੱਟੀ ਲੈਣ ਨਾਲ ਉਹਨਾਂ ਲਾਭਾਂ 'ਤੇ ਕਿਵੇਂ ਪ੍ਰਭਾਵ ਪੈ ਸਕਦਾ ਹੈ। |
| ਕੀ ਤੁਹਾਡੇ ਇਸ ਹਫ਼ਤੇ ਕੋਈ ਕੰਮ ਦੇ ਘੰਟੇ ਪੂਰੇ ਹੋਏ ਹਨ? | ਸਵੈ ਰੁਜ਼ਗਾਰ ਸਮੇਤ, ਜੇਕਰ ਤੁਸੀਂ ਇਸ ਹਫ਼ਤੇ ਕਿਸੇ ਵੀ ਮਾਲਕ ਲਈ ਕੰਮ ਕੀਤਾ ਹੈ, ਭਾਵੇਂ ਉਹ ਮਾਲਕ ਉਹ ਨਹੀਂ ਹੈ ਜਿਸ ਤੋਂ ਤੁਸੀਂ ਛੁੱਟੀ ਲੈ ਰਹੇ ਹੋ, ਤਾਂ **ਹਾਂ** ਚੁਣੋ। |

# ਹਫ਼ਤਾਵਾਰ ਦਾਅਵਿਆਂ ਦੀ ਸਮੀਖਿਆ ਕੀਤੀ

| | |
|---|---|
| ਤੁਸੀਂ ਕਿੰਨੇ ਘੰਟੇ ਕੰਮ ਕੀਤਾ? | ਸਵੈ ਰੁਜ਼ਗਾਰ ਸਮੇਤ, ਇਸ ਹਫ਼ਤੇ ਤੁਸੀਂ ਸਾਰੇ ਮਾਲਕਾਂ ਲਈ ਕੁੱਲ ਕਿੰਨੇ ਘੰਟਿਆਂ ਲਈ ਕੰਮ ਕੀਤਾ, ਭਾਵੇਂ ਉਹ ਮਾਲਕ ਉਹ ਨਹੀਂ ਹੈ ਜਿਸ ਤੋਂ ਤੁਸੀਂ ਛੁੱਟੀ ਲੈ ਰਹੇ ਹੋ।<br>• ਆਪਣੇ ਘੰਟਿਆਂ ਨੂੰ ਇੱਕ ਪੂਰਨ ਸੰਖਿਆ ਵਿੱਚ ਦੱਸੋ।<br>ਸਿਰਫ਼ ਆਪਣੀਆਂ ਮਨਜ਼ੂਰਸ਼ੁਦਾ ਛੁੱਟੀ ਦੀਆਂ ਤਾਰੀਖਾਂ ਵਿੱਚ ਕੀਤੇ ਕੰਮ ਦੇ ਘੰਟੇ ਹੀ ਸ਼ਾਮਲ ਕਰੋ। |
| ਕੀ ਤੁਸੀਂ ਲਗਾਤਾਰ ਘੱਟੋ-ਘੱਟ 8 ਘੰਟੇ ਕੰਮ ਤੋਂ ਗਾਇਬ ਰਹੇ ਹੋ? | ਜੇ ਤੁਸੀਂ ਇਸ ਹਫ਼ਤੇ ਲਗਾਤਾਰ ਘੱਟੋ-ਘੱਟ 8 ਘੰਟੇ ਕੰਮ ਤੋਂ ਗਾਇਬ ਰਹੇ ਹੋ, ਤਾਂ **ਹਾਂ** ਚੁਣੋ, ਉਦਾਹਰਨ ਲਈ:<br>• ਪੂਰੀ 8 ਘੰਟਿਆਂ ਦੀ ਸ਼ਿਫ਼ਟ, ਜਾਂ<br>• ਇੱਕ ਸ਼ਿਫ਼ਟ ਦੇ ਆਖਰੀ 4 ਘੰਟੇ ਅਤੇ ਅਗਲੀ ਸ਼ਿਫ਼ਟ ਦੇ ਪਹਿਲੇ 4 ਘੰਟੇ, ਜਾਂ<br>• ਲਗਾਤਾਰ ਦੋ 4-ਘੰਟੇ ਦੀਆਂ ਸ਼ਿਫ਼ਟਾਂ। |
| ਕੀ ਤੁਸੀਂ ਕੋਈ ਭੁਗਤਾਨਯੋਗ ਛੁੱਟੀ ਜਿਵੇਂ ਕਿ ਵੈਕੇਸ਼ਨ, ਬਿਮਾਰੀ ਦੀ ਛੁੱਟੀ ਜਾਂ ਤਿਉਹਾਰ ਦੀ ਛੁੱਟੀ (ਹੋਲੀਡੇ) ਦੀ ਵਰਤੋਂ ਕੀਤੀ ਹੈ? | • ਜੇ ਤੁਸੀਂ ਵੈਕੇਸ਼ਨ, ਬਿਮਾਰੀ ਦੀ ਛੁੱਟੀ ਜਾਂ ਤਿਉਹਾਰ ਦੀ ਛੁੱਟੀ (ਹੋਲੀਡੇ) ਜਾਂ ਕੋਈ ਹੋਰ ਭੁਗਤਾਨਯੋਗੀ ਛੁੱਟੀ ਦੀ ਵਰਤੋਂ ਕੀਤੀ ਹੈ ਜੋ ਕਿ ਇੱਕ ਪੂਰਕ ਲਾਭ ਨਹੀਂ ਹੈ, ਤਾਂ **ਹਾਂ** ਚੁਣੋ।<br>• ਜੇ ਤੁਸੀਂ ਕਿਸੇ ਭੁਗਤਾਨਯੋਗੀ ਛੁੱਟੀ ਦੀ ਵਰਤੋਂ ਨਹੀਂ ਕੀਤੀ, ਜਾਂ ਜੇ ਤੁਹਾਡੀ ਤਨਖਾਹ ਵਾਲੀ ਛੁੱਟੀ ਇੱਕ ਪੂਰਕ ਲਾਭ ਹੈ ਤਾਂ **ਨਹੀਂ** ਚੁਣੋ।<br>ਕੁਝ ਮਾਲਕ ਮੁਲਾਜ਼ਮਾਂ ਨੂੰ ਭੁਗਤਾਨਯੋਗ ਛੁੱਟੀ ਵਰਤਣ ਦੀ ਇਜਾਜ਼ਤ ਦਿੰਦੇ ਹਨ ਜੋ ਪੂਰਕ ਹੁੰਦੀ ਹੈ ਜਾਂ ਭੁਗਤਾਨਯੋਗ ਛੁੱਟੀ ਦੇ ਲਾਭਾਂ ਦੇ ਨਾਲ-ਨਾਲ ਦਿੱਤੀ ਜਾਂਦੀ ਹੈ। ਇਹ ਪਤਾ ਕਰਨ ਲਈ ਆਪਣੇ ਮਾਲਕ ਨਾਲ ਸੰਪਰਕ ਕਰੋ ਕਿ ਤੁਹਾਡੀ ਭੁਗਤਾਨਯੋਗ (ਤਨਖਾਹ ਵਾਲੀ) ਛੁੱਟੀ ਪੂਰਕ ਹੈ ਜਾਂ ਨਹੀਂ। |
| ਤੁਸੀਂ ਤਨਖਾਹ ਵਾਲੀ ਛੁੱਟੀ ਜਿਵੇਂ ਕਿ ਵੈਕੇਸ਼ਨ, ਬਿਮਾਰੀ ਦੀ ਛੁੱਟੀ ਜਾਂ ਤਿਉਹਾਰ ਦੀ ਛੁੱਟੀ (ਹੋਲੀਡੇ) ਦੇ ਕਿੰਨੇ ਘੰਟਿਆਂ ਦੀ ਵਰਤੋਂ ਕੀਤੀ ਹੈ? | ਇਸ ਹਫ਼ਤੇ ਤੁਹਾਡੇ ਵੱਲੋਂ ਵਰਤੀ ਗਈ ਤਨਖਾਹ ਵਾਲੀ ਛੁੱਟੀ ਜਿਵੇਂ ਕਿ ਵੈਕੇਸ਼ਨ, ਬਿਮਾਰੀ ਦੀ ਛੁੱਟੀ ਜਾਂ ਤਿਉਹਾਰ ਦੀ ਛੁੱਟੀ (ਹੋਲੀਡੇ) ਜਾਂ ਹੋਰ ਭੁਗਤਾਨਯੋਗ ਛੁੱਟੀ ਦੇ ਕੁੱਲ ਘੰਟਿਆਂ ਦੀ ਗਿਣਤੀ ਦਰਜ ਕਰੋ।<br>• ਆਪਣੇ ਘੰਟਿਆਂ ਨੂੰ ਇੱਕ ਪੂਰਨ ਸੰਖਿਆ ਵਿੱਚ ਦੱਸੋ।<br>• ਸਿਰਫ਼ ਆਪਣੀਆਂ ਮਨਜ਼ੂਰਸ਼ੁਦਾ ਛੁੱਟੀ ਦੀਆਂ ਤਾਰੀਖਾਂ ਦੌਰਾਨ ਵਰਤੇ ਗਏ ਕੰਮ ਦੇ ਘੰਟੇ ਹੀ ਸ਼ਾਮਲ ਕਰੋ।<br>• ਉਹ ਘੰਟੇ ਸ਼ਾਮਲ ਨਾ ਕਰੋ ਜਿਨ੍ਹਾਂ ਨੂੰ ਤੁਹਾਡਾ ਮਾਲਕ ਪੂਰਕ ਮੰਨਦਾ ਹੈ। |

# ਹਫ਼ਤਾਵਾਰ ਦਾਅਵਿਆਂ ਦੀ ਸਮੀਖਿਆ ਕੀਤੀ

## ਅਕਸਰ ਪੁੱਛੇ ਜਾਣ ਵਾਲੇ ਸਵਾਲ

*ਹਫ਼ਤਾਵਾਰ ਦਾਅਵਾ ਕੀ ਹੈ?*

ਤੁਹਾਡੀ ਛੁੱਟੀ ਸ਼ੁਰੂ ਹੋਣ 'ਤੇ, ਹਫ਼ਤਾਵਾਰੀ ਦਾਅਵੇ ਹੀ ਤੁਹਾਨੂੰ ਭੁਗਤਾਨ ਪ੍ਰਾਪਤ ਹੋਣ ਦਾ ਤਰੀਕਾ ਹਨ। ਤੁਸੀਂ ਆਪਣੀ ਛੁੱਟੀ ਦੌਰਾਨ ਹਰ ਹਫ਼ਤੇ ਹਫ਼ਤਾਵਾਰੀ ਦਾਅਵਾ ਪੇਸ਼ ਕਰੋਗੇ। ਜੇ ਤੁਸੀਂ ਛੁੱਟੀ ਰੁਕ ਰੁਕ ਕੇ ਲੈ ਰਹੇ ਹੋ ਅਤੇ ਕਿਸੇ ਹਫ਼ਤੇ ਭੁਗਤਾਨਯੋਗ ਛੁੱਟੀ ਦੇ ਲਾਭ ਨਹੀਂ ਲੈਣਾ ਚਾਹੁੰਦੇ, ਉਦੋਂ ਵੀ ਤੁਹਾਨੂੰ ਹਫ਼ਤਾਵਾਰੀ ਦਾਅਵਾ ਪੇਸ਼ ਕਰਨਾ ਹੋਵੇਗਾ।

ਜੇਕਰ ਤੁਸੀਂ ਕਾਗਜ਼ੀ ਅਰਜ਼ੀ ਰਾਹੀਂ ਬੇਨਤੀ ਕੀਤੀ ਸੀ, ਤਾਂ ਤੁਸੀਂ ਹਫ਼ਤਾਵਾਰੀ ਦਾਅਵੇ 833-717-2273 ‘ਤੇ ਗਾਹਕ ਸੇਵਾ ਟੀਮ ਨੂੰ ਕਾਲ ਕਰਕੇ ਜਮ੍ਹਾਂ ਕਰਵਾ ਸਕਦੇ ਹੋ। ਜੇ ਤੁਸੀਂ ਆਨਲਾਈਨ ਅਰਜ਼ੀ ਦਿੱਤੀ ਸੀ, ਤਾਂ ਆਪਣੇ ਪੇਡ ਲੀਵ ਖਾਤੇ ਵਿੱਚ ਲਾਗ ਇਨ ਕਰਕੇ ਹਫ਼ਤਾਵਾਰੀ ਦਾਅਵੇ ਦਾਖਲ ਕਰੋ।

*ਮੈਂ ਹਫ਼ਤਾਵਾਰ ਦਾਅਵਾ ਕਦੋਂ ਦਾਖ਼ਲ ਕਰਾਂ?*

ਤੁਹਾਨੂੰ ਹਰ ਹਫ਼ਤੇ ਲਈ ਇੱਕ ਹਫ਼ਤਾਵਾਰੀ ਦਾਅਵਾ ਦਰਜ ਕਰਨਾ ਹੋਵੇਗਾ, ਭਾਵੇਂ ਤੁਸੀਂ ਉਸ ਹਫ਼ਤੇ ਛੁੱਟੀ ਨਹੀਂ ਲੈ ਰਹੇ ਹੋ। ਪੇਡ ਲੀਵ (ਭੁਗਤਾਨਯੋਗ ਛੁੱਟੀ) ਵਿੱਚ ਹਫ਼ਤਾ ਐਤਵਾਰ ਤੋਂ ਸ਼ੁਰੂ ਹੁੰਦਾ ਹੈ ਤੇ ਅਗਲੇ ਸ਼ਨੀਵਾਰ ਨੂੰ ਖਤਮ ਹੁੰਦਾ ਹੈ, ਅਤੇ ਤੁਸੀਂ ਹਫ਼ਤਾਵਾਰੀ ਦਾਆਵਾ ਉਦੋਂ ਤੱਕ ਨਹੀਂ ਦਰਜ ਕਰ ਸਕਦੇ ਜਦੋਂ ਤੱਕ ਹਫ਼ਤਾ ਪੂਰਾ ਨਾ ਹੋ ਜਾਵੇ। ਇਸਦਾ ਮਤਲਬ ਤੁਸੀਂ ਪਿਛਲੇ ਹਫ਼ਤੇ ਲਈ ਇੱਕ ਹਫ਼ਤਾਵਾਰੀ ਦਾਆਵਾ ਐਤਵਾਰ ਨੂੰ ਦਰਜ ਕਰਵਾ ਸਕਦੇ ਹੋ।

**ਜਿਦਾਂ ਹੀ ਤੁਹਾਡੀ ਅਰਜ਼ੀ ਨੂੰ ਪ੍ਰਵਾਨਗੀ ਮਿਲਦੀ ਹੈ ਆਪਣੇ ਹਫ਼ਤਾਵਾਰੀ ਦਾਅਵੇ ਦਰਜ ਕਰਨਾ ਸ਼ੁਰੂ ਕਰੋ।**

*ਉਡੀਕ ਹਫ਼ਤਾ ਕੀ ਹੈ?*

ਜੇਕਰ ਤੁਸੀਂ ਆਪਣੀ ਦੇਖਭਾਲ ਲਈ ਮੈਡੀਕਲ ਛੁੱਟੀ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਦੇਖਭਾਲ ਲਈ ਪਰਿਵਾਰਕ ਛੁੱਟੀ ਲੈ ਰਹੇ ਹੋ, ਤਾਂ ਤੁਹਾਡੀ ਮਨਜ਼ੂਰਸ਼ੁਦਾ ਛੁੱਟੀ ਦਾ ਪਹਿਲਾ ਹਫ਼ਤਾ ਉਡੀਕ ਦਾ ਹ□ਤਾ (ਵੇਟਿੰਗ ਵੀਕ) ਹੁੰਦਾ ਹੈ। ਤੁਹਾਨੂੰ ਇਸ ਹਫ਼ਤੇ ਲਈ ਭੁਗਤਾਨ ਨਹੀਂ ਕੀਤਾ ਜਾਵੇਗਾ, ਪਰ □ਿਰ ਵੀ ਤੁਹਾਨੂੰ ਇਸਦੇ ਲਈ ਹਫ਼ਤਾਵਾਰੀ ਦਾਅਵਾ ਦਾਇਰ ਕਰਨਾ ਹੋਵੇਗਾ।

ਜੇ ਤੁਸੀਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਆਪਣੀ ਸਿਹਤ ਵਿੱਚ ਸੁਧਾਰ ਲਿਆਉਣ ਲਈ ਛੁੱਟੀ ਲੈ ਰਹੇ ਹੋ, ਨਵੇਂ ਬੱਚੇ ਨਾਲ ਜੁੜਾਵ ਸਥਾਪਤ ਕਰਨ ਲਈ ਛੁੱਟੀ ਲੈ ਰਹੇ ਹੋ, ਜਾਂ ਸੈਨਿਕ ਸਮਾਗਮਾਂ ਲਈ ਛੁੱਟੀ ਲੈ ਰਹੇ ਹੋ ਤਾਂ ਤੁਹਾਡੇ ਲਈ ਕੋਈ ਉਡੀਕ ਦਾ ਹਫ਼ਤਾ ਨਹੀਂ ਹੁੰਦਾ।

*ਜੇਕਰ ਮੈਂ ਆਪਣੀ ਪੇਡ ਲੀਵ ਦੇ ਦੌਰਾਨ ਕੰਮ ਕਰਾਂ ਜਾਂ ਛੁੱਟੀ ਦੇ ਹੋਰ ਪ੍ਰਕਾਰਾਂ ਦੀ ਵਰਤੋਂ ਕਰਾਂ, ਤਾਂ ਕੀ ਇਸ ਨਾਲ ਮੇਰੇ ਭੁਗਤਾਨ ਤੇ ਅਸਰ ਹੋਵੇਗਾ?*

ਜੇਕਰ ਤੁਸੀਂ ਹਫ਼ਤੇ ਦੌਰਾਨ ਕੰਮ ਕੀਤਾ ਹੈ ਜਾਂ ਹੋਰ ਲਾਭ ਪ੍ਰਾਪਤ ਕੀਤੇ ਹਨ, ਜਿਵੇਂ ਕਿ ਤੁਹਾਡੇ ਮਾਲਕ ਦੁਆਰਾ ਦਿੱਤੀ ਗਈ ਭੁਗਤਾਨਯੋਗ ਛੁੱਟੀ, ਤਾਂ ਸਾਡੇ ਵੱਲੋਂ ਤੁਹਾਡੇ ਲਾਭ ਦੇ ਭੁਗਤਾਨ ਦਾ ਮੁੱਲ ਘਟਾ ਦਿੱਤਾ ਜਾਵੇਗਾ, ਤਾਂ ਜੋ ਹਫ਼ਤੇ ਦੇ ਸਿਰਫ਼ ਉਸ ਹਿੱਸੇ ਨੂੰ ਕਵਰ ਕਰਨ ਲਈ ਅਦਾਇਗੀ ਹੋਵੇ ਜਿਸ ਦੌਰਾਨ ਤੁਸੀਂ ਪੇਡ ਲੀਵ 'ਤੇ ਸੀ।

## ਹਫ਼ਤਾਵਾਰ ਦਾਅਵਿਆਂ ਦੀ ਸਮੀਖਿਆ ਕੀਤੀ

**ਛੁੱਟੀ ਦੌਰਾਨ ਕੰਮ ਕਰਨਾ:** ਜਿੰਨੇ ਘੰਟੇ ਤੁਸੀਂ ਕੰਮ ਕੀਤਾ ਤੁਹਾਨੂੰ ਉਹ ਆਪਣੇ ਹਫ਼ਤਾਵਾਰੀ ਦਾਅਵਾ ਪ੍ਰਸ਼ਨਾਵਲੀ ਵਿੱਚ ਦਰਜ ਕਰਨਾ ਲਾਜ਼ਮੀ ਹੈ। ਇਸ ਵਿੱਚ ਦੂਜੀ ਨੌਕਰੀ 'ਤੇ ਕੀਤੇ ਗਏ ਕੰਮ ਦਾ ਸਮਾਂ ਵੀ ਸ਼ਾਮਲ ਹੈ, ਭਾਵੇਂ ਤੁਸੀਂ ਉਸ ਨੌਕਰੀ ਤੋਂ ਛੁੱਟੀ 'ਤੇ ਨਾ ਵੀ ਹੋਵੋ। ਇਸ ਵਿੱਚ ਸਵੈ-ਰੁਜ਼ਗਾਰ ਵਜੋਂ ਕੀਤੇ ਕੰਮ ਦੇ ਘੰਟੇ ਵੀ ਸ਼ਾਮਲ ਹਨ, ਭਾਵੇਂ ਤੁਸੀਂ ਕੋਈ ਪੈਸਾ ਨਾ ਕਮਾਇਆ ਹੋਵੇ।

**ਤਨਖਾਹ ਵਾਲੀ ਛੁੱਟੀ (ਪੇਡ ਟਾਈਮ ਆਫ) ਦੀ ਵਰਤੋਂ:** ਜ਼ਿਆਦਾਤਰ ਲੋਕਾਂ ਨੂੰ ਹਫ਼ਤੇ ਦੌਰਾਨ ਵਰਤੀ ਗਈ, ਉਨ੍ਹਾਂ ਦੇ ਮਾਲਕ ਦੁਆਰਾ ਦਿੱਤੀ ਗਈ ਕਿਸੇ ਵੀ ਤਨਖਾਹ ਵਾਲੀ ਛੁੱਟੀ, ਜਿਵੇਂ ਕਿ ਵੈਕੇਸ਼ਨ, ਬਿਮਾਰੀ ਦੀ ਛੁੱਟੀ, ਜਾਂ ਤਿਉਹਾਰ ਦੀ ਛੁੱਟੀ ਬਾਰੇ ਰਿਪੋਰਟ ਕਰਨਾ ਲਾਜ਼ਮੀ ਹੁੰਦਾ ਹੈ। ਇਸਦੇ ਬਾਰੇ ਤੁਸੀਂ ਕੇਵਲ ਉਦੋਂ ਰਿਪੋਰਟ ਨਹੀਂ ਕਰਦੇ ਜਦੋਂ ਤੁਹਾਡਾ ਮਾਲਕ ਪੂਰਕ ਭੁਗਤਾਨਯੋਗ ਛੁੱਟੀ (ਸਪਲੀਮੈਂਟਲ ਪੇਡ ਟਾਈਮ ਆ), (ਜੋ ਤੁਹਾਡੀ ਆਮ ਤਨਖਾਹ ਵਾਲੀ ਛੁੱਟੀ ਤੋਂ ਵੱਖ ਹੁੰਦੀ ਹੈ) ਦੀ ਸਹੂਲਤ ਦਿੰਦਾ ਹੈ। ਆਪਣੇ ਮਾਲਕ ਤੋਂ ਪੁੱਛੋ ਕਿ ਇਹ ਵਿਕਲਪ ਤੁਹਾਡੇ ਲਈ ਉਪਲਬਧ ਹੈ ਜਾਂ ਨਹੀਂ।